ਏ ਸਵੇਇਲ। ਗੁੱਡ ਮੌਰਨਿੰਗ। ਅੱਜ 14 ਦਸੰਬਰ ਹੈ, ਸਰਦੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਅਖੀਰਲਾ ਹਫਤਾ, ਅਤੇ ਮੈਂ ਇਹ ਸਮਾਂ ਮੁੱਖ ਤੌਰ 'ਤੇ ਤਿੰਨ ਗੱਲਾਂ ਵਾਲਾ ਸੁਨੇਹਾ ਭੇਜਣ ਲਈ ਵਰਤਣਾ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ, ਸਾਡੇ ਸਕੂਲਾਂ, ਜ਼ਿਲ੍ਹੇ ਭਰ ਦੀਆਂ ਸਾਰੀਆਂ ਥਾਂਵਾਂ, ਅਤੇ ਲੋਕਾਂ ਵੱਲੋਂ ਪਤਝੜ ਦੀ ਇਸ ਰੁੱਤ ਵਿੱਚ ਦੀ ਲੰਘਣ ਸਮੇਂ ਸਾਡੀ ਮਦਦ ਕਰਨ ਲਈ ਕੀਤੀ ਹਰ ਚੀਜ਼ ਲਈ ਧੰਨਵਾਦ ਦਾ ਵੱਡਾ ਸੁਨੇਹਾ, ਜਦੋਂ ਬੱਚੇ ਅਜੇ ਵੀ ਸਕੂਲਾਂ ਵਿੱਚ ਹਨ ਅਤੇ ਦੋ ਹਫਤਿਆਂ ਦੀਆਂ ਛੁੱਟੀਆਂ ਦਾ ਇੰਤਜ਼ਾਰ ਕਰ ਰਹੇ ਹਨ। ਮੈਂ ਜਾਣਦਾ ਹਾਂ ਕਿ ਇਹ ਬਹੁਤ ਹੀ ਅਸਾਧਾਰਣ ਸਾਲ ਰਿਹਾ ਹੈ। ਲੋਕਾਂ ਸਾਹਮਣੇ ਕਰਨ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ ਸਨ, ਚਿੰਤਾ ਸੀ, ਪਰ ਇਸ ਦੇ ਨਾਲ ਹੀ ਸਾਡੇ ਸਕੂਲਾਂ ਵਿੱਚ ਬਹੁਤ ਹੀ ਸ਼ਾਨਦਾਰ ਚੀਜ਼ਾਂ ਵਾਪਰ ਰਹੀਆਂ ਸਨ। ਜਦੋਂ ਮੈਂ ਪਿੱਛੇ ਦੇਖਦਾ ਹਾਂ ਤਾਂ ਇਸ ਤਰ੍ਹਾਂ ਦੀਆਂ ਸਾਧਾਰਣ ਚੀਜ਼ਾਂ ਯਾਦ ਆਉਂਦੀਆਂ ਹਨ ਕਿ ਸਕੂਲਾਂ ਵਿੱਚ ਪੰਪਕਿਨ (ਹਲਵਾ ਕੱਦੂ) ਭੇਜੇ ਗਏ ਤਾਂ ਕਿ ਬੱਚਿਆਂ ਨੂੰ ਪੰਪਕਿਨ ਦੇ ਖੇਤਾਂ ਵਿੱਚ ਨਾ ਜਾਣਾ ਪਵੇ। ਇਹ ਬਹੁਤ ਅਸਾਧਾਰਣ ਗੱਲ ਹੈ ਕਿ ਸਕੂਲਾਂ ਦੀ ਭਾਵਨਾ ਬਹੁਤ ਮਜ਼ਬੂਤ ਹੈ। ਇਸ ਲਈ ਇਕ ਵਾਰ ਫਿਰ, ਇਨ੍ਹਾਂ ਔਖੀਆਂ ਘੜੀਆਂ ਵਿੱਚ ਤੁਹਾਡੇ ਸਾਰਿਆਂ ਵੱਲੋਂ ਕੀਤੇ ਸਾਰੇ ਕੰਮ ਲਈ ਬਹੁਤ ਬਹੁਤ ਧੰਨਵਾਦ। ਮੈਨੂੰ ਪਤਾ ਹੈ ਕਿ ਇਹ ਸੌਖਾ ਨਹੀਂ ਸੀ।

ਦੂਜੀ ਗੱਲ ਮਾਪਿਆਂ ਦਾ ਧੰਨਵਾਦ ਕਰਨ ਲਈ ਅਤੇ ਮਾਪਿਆਂ ਨੂੰ ਸਾਡੇ ਐਲੀਮੈਂਟਰੀ ਸਕੂਲਾਂ ਵਿੱਚ ਜਨਵਰੀ ਵਿੱਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਸੁਨੇਹਾ ਦੇਣ ਲਈ ਹੈ। ਤੁਹਾਨੂੰ ਯਾਦ ਹੋਵੇਗਾ ਕਿ ਇਸ ਸਾਲ ਸਾਡੇ ਵੱਲੋਂ ਕੀਤੀਆਂ ਚੀਜ਼ਾਂ ਵਿੱਚ ਇਕ ਚੀਜ਼ ਸਾਡੇ ਵੱਲੋਂ ਐਲੀਮੈਂਟਰੀ ਸਕੂਲਾਂ ਦੇ ਪ੍ਰੋਗਰਾਮ ਵਿੱਚ ਬਲੈਂਡਿਡ (ਮਿਸ਼ਰਤ ਪ੍ਰੋਗਰਾਮ) ਨੂੰ ਜੋੜਨਾ ਸੀ। ਅਤੇ ਉਸ ਪ੍ਰੋਗਰਾਮ ਵਿੱਚ 10,000 ਤੋਂ ਵੱਧ ਵਿਦਿਆਰਥੀ ਹਨ। ਉਸ ਪ੍ਰੋਗਰਾਮ ਦਾ ਇਕ ਮਕਸਦ ਇਹ ਸੀ ਕਿ ਵਿਦਿਆਰਥੀ ਆਪਣੇ ਗਵਾਂਢ ਦੇ ਸਕੂਲਾਂ ਨਾਲ ਜੁੜੇ ਰਹਿਣਗੇ ਅਤੇ ਉਨ੍ਹਾਂ ਨੂੰ ਜਨਵਰੀ ਵਿੱਚ ਆਪਣੇ ਗਵਾਂਢ ਦੇ ਸਕੂਲ ਵਿੱਚ ਵਾਪਸ ਆਉਣ ਦਾ ਮੌਕਾ ਦਿੱਤਾ ਜਾਵੇਗਾ। ਬਲੈਂਡਿਡ (ਮਿਸ਼ਰਤ) ਪ੍ਰੋਗਰਾਮ ਜਾਰੀ ਰਹੇਗਾ, ਪਰ ਸਾਡੇ ਕੋਲ 1300 ਤੋਂ ਵੱਧ ਅਜਿਹੇ ਵਿਦਿਆਰਥੀ ਹਨ ਜੋ ਹੁਣ ਜਨਵਰੀ ਵਿੱਚ ਆਹਮੋ ਸਾਹਮਣੇ ਬੈਠ ਕੇ (ਫੇਸ ਟੂ ਫੇਸ) ਪੜ੍ਹਾਈ ਕਰਨ ਲਈ ਆਪਣੇ ਸਕੂਲਾਂ ਵਿੱਚ ਵਾਪਸ ਆਉਣਾ ਚਾਹੁੰਦੇ ਹਨ, ਜਿਹੜੀ ਕਿ ਬਹੁਤ ਵਧੀਆ ਖਬਰ ਹੈ। ਇਸ ਨੂੰ ਹਮੇਸ਼ਾਂ ਹੀ ਇਕ ਤਬਦੀਲੀ ਦੇ ਪ੍ਰੋਗਰਾਮ ਵੱਜੋਂ ਤਿਆਰ ਕੀਤਾ ਗਿਆ ਸੀ, ਪਰ ਅਸੀਂ ਇਨ੍ਹਾਂ 1300 ਵਿਦਿਆਰਥੀਆਂ ਨੂੰ ਐਲੀਮੈਂਟਰੀ ਸਕੂਲਾਂ ਵਿੱਚ ਤਬਦੀਲੀਆਂ ਕਾਰਨ ਪੈਣ ਵਾਲੇ ਅਸਰ ਤੋਂ ਬਿਨਾਂ ਆਪਣੇ ਐਲੀਮੈਂਟਰੀ ਸਕੂਲਾਂ ਵਿੱਚ ਵਾਪਸ ਨਹੀਂ ਲਿਆ ਸਕਦੇ। ਪਤਝੜ ਵਿੱਚ ਜਦੋਂ ਅਸੀਂ ਪ੍ਰੋਗਰਾਮ ਸ਼ੁਰੂ ਕੀਤਾ ਸੀ, ਉਦੋਂ ਅਸੀਂ ਮਾਪਿਆਂ ਨੂੰ ਇਸ ਸੰਭਾਵਨਾ ਬਾਰੇ ਦੱਸਿਆ ਸੀ, ਪਰ ਮੈਂ ਇਹ ਵੀ ਜਾਣਦਾ ਹਾਂ ਕਿ ਕਈ ਲੋਕਾਂ ਨੂੰ ਇਹ ਹੈਰਾਨੀ ਵਾਲੀ ਗੱਲ ਲੱਗੇਗੀ ਕਿ ਜਨਵਰੀ ਵਿੱਚ ਤੁਹਾਡੀਆਂ ਕਲਾਸਾਂ ਵਿੱਚ ਤਬਦੀਲੀਆਂ ਕੀਤੀਆਂ ਜਾਣਗੀਆਂ। ਪ੍ਰਿੰਸੀਪਲਾਂ, ਉੱਪ-ਪ੍ਰਿੰਸੀਪਲਾਂ, ਸਹਾਇਕ ਸਟਾਫ ਦੇ ਮੈਂਬਰਾਂ ਅਤੇ ਅਧਿਆਪਕਾਂ ਨੇ ਆਪਣੀ ਆਮ ਸਾਵਧਾਨੀ ਭਰਪੂਰ ਘਾਲ ਘਾਲੀ ਹੈ। ਇਸ ਲਈ ਵਿਦਿਆਰਥੀਆਂ ਦੀ ਪੜ੍ਹਾਈ ਜਾਰੀ ਰੱਖਣ ਅਤੇ ਘੱਟ ਤੋਂ ਘੱਟ ਤਬਦੀਲੀਆਂ ਕਰਨ ਨੂੰ ਯਕੀਨੀ ਬਣਾਉਣ ਲਈ ਅਸੀਂ ਉਹ ਸਭ ਕੁਝ ਕਰੀਏ ਜੋ ਅਸੀਂ ਕਰ ਸਕਦੇ ਹਾਂ, ਦਸੰਬਰ 11 ਦਾ ਦੁਪਹਿਰੋਂ ਬਾਅਦ ਦਾ ਸਮਾਂ ਅਜਿਹੇ ਸਮੇਂ ਵਜੋਂ ਰੱਖਿਆ ਗਿਆ ਸੀ। ਪਰ ਮੈਂ ਜਾਣਦਾ ਹਾਂ ਕਿ ਕੁੱਝ ਤਬਦੀਲੀਆਂ ਹੋਣਗੀਆਂ ਅਤੇ ਇਸ ਦਾ ਤੁਹਾਡੇ ਸਾਰਿਆਂ 'ਤੇ ਅਸਰ ਪਵੇਗਾ। ਇਸ ਲਈ ਅਸੀਂ ਤੁਹਾਡੇ ਧੀਰਜ ਲਈ ਤੁਹਾਡਾ ਧੰਨਵਾਦ ਕਰਦੇ ਹਾਂ, ਅਤੇ ਇਹ ਇਕ ਬਹੁਤ ਅਸਾਧਾਰਣ ਸਾਲ ਹੈ।

ਅਤੇ ਆਖਰੀ ਗੱਲ ਇਹ ਹੈ ਕਿ ਅੱਜ ਅਸੀਂ ਸਰੀ ਦੇ ਸਕੂਲਾਂ ਵਿੱਚ ਕੋਵਿਡ ਨਾਲ ਸੰਪਰਕ ਦੇ ਸਾਰੇ ਸਰਗਰਮ ਕੇਸਾਂ (ਐਕਟਿਵ ਕੋਵਿਡ ਐਕਪੋਜ਼ਰਜ਼) ਬਾਰੇ ਇਕ ਇੰਟਰਐਕਟਿਵ ਵੈੱਬਸਾਈਟ ਸ਼ੁਰੂ ਕੀਤਾ ਹੈ। ਅਸੀਂ ਸਮਝਦੇ ਹਾਂ ਕਿ ਕਈ ਵਾਰੀ ਲੋਕਾਂ, ਖਾਸ ਕਰਕੇ ਸਾਡੇ ਸਟਾਫ ਦੇ ਆਰਜ਼ੀ ਮੈਂਬਰਾਂ, ਵੱਖ ਵੱਖ ਥਾਂਵਾਂ 'ਤੇ ਜਾ ਕੇ ਕੰਮ ਕਰਨ ਵਾਲੇ ਸਟਾਫ ਮੈਂਬਰਾਂ, ਟੀਚਰਾਂ, ਕਾਲ 'ਤੇ ਕੰਮ ਕਰਨ ਵਾਲੇ ਟੀਚਰਾਂ, ਕਿਊਪੀ ਦੇ ਸਪੇਅਰ ਬੋਰਡ, ਥਾਂਵਾਂ ਦੀ ਸੰਭਾਲ ਕਰਨ ਵਾਲੇ (ਗਰਾਊਂਡਜ਼ ਮੇਨਟੀਨੈਂਸ ਨਾਲ ਸੰਬੰਧਿਤ) ਸਟਾਫ ਮੈਂਬਰਾਂ, ਅਤੇ ਸਕੂਲਾਂ ਵਿਚਕਾਰ ਇਕ ਸਕੂਲ ਤੋਂ ਦੂਸਰੇ ਸਕੂਲ ਜਾ ਕੇ ਕੰਮ ਕਰਨ ਵਾਲੇ ਲੋਕਾਂ, ਜਿਹਨਾਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਵਾਇਰਸ ਨਾਲ ਸੰਪਰਕ ਦੀਆਂ ਘਟਨਾਵਾਂ ਕਿੱਥੇ ਹੋਈਆਂ ਹਨ ਅਤੇ ਕਿਹਨਾਂ ਤਰੀਕਾਂ ਨੂੰ ਹੋਈਆਂ ਹਨ, ਲਈ ਇਹ ਕਾਫੀ ਮੁਸ਼ਕਿਲ ਹੁੰਦਾ ਹੈ। ਇਸ ਲਈ ਅਸੀਂ ਆਪਣਾ ਵੈੱਬਸਾਈਟ ਤਿਆਰ ਕੀਤਾ ਹੈ। ਇਹ ਸਰੀ ਸਕੂਲ ਦੇ ਹੋਮਪੇਜ 'ਤੇ, ਕੋਵਿਡ -19 ਐਕਟਿਵ ਐਕਸਪੋਜ਼ਰਜ਼ ਦੇ ਹੇਠ ਹੈ। ਇਹ ਸਾਰਾ ਫਿਲਟਰਡ (ਵੱਖ ਵੱਖ ਸ਼੍ਰੇਣੀਆਂ

ਅਨੁਸਾਰ ਦੇਖਣਯੋਗ) ਹੈ, ਇੰਟਰਐਕਟਿਵ ਹੈ ਅਤੇ ਤੁਸੀਂ ਇਸ ਢੰਗ ਨਾਲ ਕਿਸੇ ਵੀ ਐਕਸਪੋਜ਼ਰਜ਼ ਦੀ ਪੂਰੀ ਸੂਚੀ ਦੇਖ ਸਕਦੇ ਹੋ। ਤੁਸੀਂ ਕਿਸੇ ਵੀ ਦਿਨ, ਇਹ ਦੇਖ ਸਕਦੇ ਹੋ ਕਿ ਜ਼ਿਲ੍ਹੇ ਵਿੱਚ ਕੀ ਹੋਇਆ ਹੈ।

ਇਸ ਲਈ ਇਹ ਤਿੰਨ ਗੱਲਾਂ ਹਨ। ਤੁਹਾਡਾ ਬਹੁਤ ਬਹੁਤ ਧੰਨਵਾਦ। ਤਬਦੀਲੀਆਂ ਅਤੇ ਆਪਣੇ ਬੱਚੇ 'ਤੇ ਪੈਣ ਵਾਲੇ ਅਸਰ ਦਾ ਧਿਆਨ ਰੱਖਿਓ, ਅਤੇ ਇਹ ਸਮਝੋ ਕਿ ਐਲੀਮੈਂਟਰੀ ਪੱਧਰ 'ਤੇ ਅਸੀਂ ਇਹਨਾਂ ਨੂੰ ਬਹੁਤ ਧਿਆਨ ਨਾਲ ਕੀਤਾ ਹੈ, ਅਤੇ ਇਕ ਵਾਰ ਫਿਰ ਸਕੂਲਾਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਨੇ ਇਹ ਸਾਰਾ ਕੰਮ ਕੀਤਾ ਹੈ। ਅਤੇ ਅਖੀਰ ਵਿੱਚ, ਜੇ ਤੁਸੀਂ ਚਾਹੋ ਤਾਂ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਕਾਰੀ ਦੇਣ ਲਈ ਤਿਆਰ ਕੀਤੇ ਸਾਡੇ ਐਕਟਿਵ ਐਸਪੋਜ਼ਰਜ਼ ਬਾਰੇ ਵੈੱਬਸਾਈਟ ਨੂੰ ਦੇਖ ਸਕਦੇ ਹੋ।

ਧਿਆਨ ਰੱਖਿਓ। ਤੰਦਰੁਸਤ ਰਹਿਓ। ਉਮੀਦ ਕਰਦਾ ਹਾਂ ਕਿ ਤੁਹਾਨੂੰ ਸਿਆਲ ਦੀਆਂ ਉਹ ਛੁੱਟੀਆਂ ਮਿਲਣਗੀਆਂ, ਜਿਹਨਾਂ ਦੇ ਤੁਸੀਂ ਪੂਰੀ ਤਰ੍ਹਾਂ ਹੱਕਦਾਰ ਹੋ। ਹਾਇਚਕੇ।